## ਆਮ ਜਾਣਕਾਰੀ ਅਤੇ ਸੁਝਾਅ
## General Information and Tips

### ਆਪਣੇ ਰੁਜ਼ਗਾਰ ਨਾਲ ਸਬੰਧਤ ਸਾਰੇ ਦਸਤਾਵੇਜ਼ ਰੱਖੋ:

- ਤਨਖਾਹ ਬਿਆਨ
- ਸਮਾਂ ਪਰਚਾ
- ਕੰਮ ਕੀਤੇ ਘੰਟਿਆਂ ਦਾ ਨਿੱਜੀ ਰਿਕਾਰ੍ਡ
- ਲਿਖਤੀ ਚੇਤਾਵਨੀਆਂ
- ਰੁਜ਼ਗਾਰ ਪੱਤਰ

ਜੇਕਰ ਹੋ ਸਕੇ ਤਾਂ ਤੁਹਾਡੇ ਕੋਲ ਆਪਣੇ ਰੁਜ਼ਗਾਰਦਾਤਾ ਨਾਲ ਇੱਕ ਲਿਖਤੀ ਇਕਰਾਰਨਾਮਾ ਹੋਣਾ ਚਾਹੀਦਾ ਹੈ ਜਿਸ ਵਿੱਚ ਨੌਕਰੀ ਦੇ ਫਰਜ਼, ਰੁਜ਼ਗਾਰ ਦੀਆਂ ਸ਼ਰਤਾਂ, ਰੁਜ਼ਗਾਰ ਦੇ ਪਹਿਲੇ ਦਿਨ, ਅਤੇ ਤਨਖਾਹ ਦੀ ਦਰ ਬਾਰੇ ਦੱਸਿਆ ਗਿਆ ਹੋਵੇ।

### ਇੱਕ ਇਕਰਾਰਨਾਮੇ ਤੇ ਕੰਮ ਦਾ ਇਹ ਮਤਲਬ ਨਹੀ ਹੈ ਕਿ ਤੁਸੀਂ ਸਵੈ-ਰੁਜ਼ਗਾਰ ਤੇ ਹੋ।

ਤੁਹਾਨੂੰ ਇੱਕ ਕਰਮਚਾਰੀ ਮੰਨਿਆ ਜਾ ਸਕਦਾ ਹੈ ਜਾਂ:

- ਤੁਹਾਨੂੰ ਇੱਕ ਘੰਟੇ ਦੀ ਤਨਖਾਹ ਜਾਂ ਮਾਸਿਕ ਤਨਖਾਹ ਪ੍ਰਾਪਤ ਹੁੰਦੀ ਹੈ
- ਜਿਸ ਕੰਪਨੀ ਲਈ ਤੁਸੀਂ ਕੰਮ ਕਰਦੇ ਹੋ ਉਹ ਤੁਹਾਡੇ ਲਈ ਸਮਾਂਸੂਚੀ ਬਣਾ ਦਿੰਦੀ ਹੈ
- ਤੁਸੀਂ ਆਪਣੇ ਸੰਦ ਇਸਤੇਮਾਲ ਨਹੀਂ ਕਰਦੇ
- ਕਰ, ਰੁਜ਼ਗਾਰ ਬੀਮਾ, ਅਤੇ ਕੈਨੇਡਾ ਪੈਂਸ਼ਨ ਪ੍ਲੈਨ ਦੀ ਤੁਹਾਡੀ ਤਨਖਾਹ ਵਿੱਚੋਂ ਕਟੌਤੀ ਹੁੰਦੀ ਹੈ

ਇਕ ਕਰਮਚਾਰੀ ਦੇ ਤੌਰ ਤੇ, ਤੁਹਾਡੇ ਹੱਕ ਅਤੇ ਹਿੱਤ ਵੱਖ-ਵੱਖ ਰੁਜ਼ਗਾਰ ਕਨੂੰਨਾਂ ਦੇ ਤਹਿਤ ਸੁਰੱਖਿਅਤ ਹਨ।

### ਜੇਕਰ ਤੁਸੀਂ ਇੱਕ ਯੂਨੀਅਨ ਨਾਲ ਸੰਬੰਧਿਤ ਹੋ:

ਤੁਹਾਡੇ ਰੁਜ਼ਗਾਰ ਦੇ ਆਧਾਰ ਤੁਹਾਡੇ ਸਮੂਹਕ ਸਮਝੌਤੇ ਦੁਆਰਾ ਤੈਅ ਕੀਤੇ ਜਾਂਦੇ ਹਨ।

ਜੇ ਤੁਹਾਨੂੰ ਕੰਮ-ਸੰਬੰਧੀ ਚਿੰਤਾ ਹੈ ਤਾਂ ਆਪਣੀ ਯੂਨੀਅਨ ਨਾਲ ਸੰਪਰਕ ਕਰੋ - ਉਹ ਤੁਹਾਡੀ ਮਦਦ ਕਰਨ ਲਈ ਹਨ।

## ਹੋਰ ਸਰੋਤ:
## Other Sources

**ਅਲਬਰਟਾ ਰੁਜ਼ਗਾਰ ਮਿਆਰ:**
(Alberta Employment Standards):
1-877-427-3731

**ਅਲਬਰਟਾ ਮਨੁੱਖੀ ਅਧਿਕਾਰ ਕਮਿਸ਼ਨ:**
(Alberta Human Rights Commission):
403-297-6571

**ਅਲਬਰਟਾ ਰੁਜ਼ਗਾਰ ਸੰਬੰਧੀ ਸਿਹਤ ਅਤੇ ਸੁਰਖਿਆ:**
(Alberta Occupational Health and Safety):
1-866-415-8690

**ਅਲਬਰਟਾ ਕਰਮਚਾਰੀ ਸਿਹਤ ਕੇਂਦੇਰ:**
(Alberta Workers' Health Centre):
1-888-729-4879

**ਕਰਮਚਾਰੀ ਮੁਆਵਜ਼ਾ ਬੋਰਡ (ਡਬਲਿਊ ਸੀ ਬੀ) ਅਲਬਰਟਾ:**
[Workers' Compensation Board Alberta (WCB)]:
1-866-922-9221

**ਡਬਲਿਊ ਸੀ ਬੀ ਅਪੀਲ ਸਲਾਹਕਾਰ ਅਲਬਰਟਾ ਦਫਤਰ:**
(WCB Alberta Office of Appeal Advisor):
403-517-6220

**ਕੈਨੇਡਾ ਮਨੁੱਖੀ ਅਧਿਕਾਰ ਆਯੋਗ:**
(Canadian Human Rights Commission):
1-888-214-1090

**ਕੈਨੇਡਾ ਕਿਰਤ ਪ੍ਰੋਗਰਾਮ (ਕੈਨੇਡਾ ਕਿਰਤ ਕੋਡ):**
[Canada Labour Program (Canada Labour Code)]:
1-800-641-4049

**ਰੁਜ਼ਗਾਰ ਬੀਮਾ:**
(Employment Insurance):
1-800-206-7218

**ਕੈਨੇਡਾ ਪੈਨਸ਼ਨ ਯੋਜਨਾ ਅਪਾਹਜਤਾ ਲਾਭ:**
(Canada Pension Plan Disability Benefits):
1-800-277-9914

ਇਹ ਪਰਚੇ ਵਿੱਚ ਬੁਨਿਆਦੀ ਕਾਨੂੰਨੀ ਜਾਣਕਾਰੀ ਹੈ, ਇਸ ਵਿੱਚ ਕਾਨੂੰਨੀ ਸਲਾਹ ਸ਼ਾਮਿਲ ਨਹੀਂ ਹੈ। ਪਰਚੇ ਵਿੱਚ ਦਿੱਤੇ ਗਏ ਕਿਸੇ ਵੀ ਮੁੱਦਿਆਂ ਦਾ ਸਾਹਮਣਾ ਕਰ ਰਹੇ ਕਰਮਚਾਰੀਆਂ ਨੂੰ ਕੋਈ ਵੀ ਫ਼ੈਸਲੇ ਕਰਨ ਤੋਂ ਪਹਿਲਾਂ ਆਪਣੀ ਸਥਿਤੀ ਨਾਲ ਸਬੰਧਤ ਖਾਸ, ਵਿਅਕਤੀਗਤ ਜਾਣਕਾਰੀ ਕਰਮਚਾਰੀ ਸਰੋਤ ਕੇਂਦਰ ਜਾਂ ਸਬੰਧਤ ਸਰਕਾਰੀ ਵਿਭਾਗ ਨੂੰ ਸੰਪਰਕ ਕਰ ਕੇ ਲੈਣੀ ਚਾਹੀਦੀ ਹੈ। ਕਰਮਚਾਰੀ ਸਰੋਤ ਕੇਂਦਰ ਇਸ ਪਰਚੇ ਵਿੱਚ ਦਿੱਤੀ ਗਈ ਜਾਣਕਾਰੀ ਤੇ ਆਧਾਰਿਤ ਕਿਸੇ ਵਿਅਕਤੀ ਦੁਆਰਾ ਕੀਤੀ ਗਈ ਕੋਈ ਵੀ ਕਾਰਵਾਈ ਦੇ ਨਤੀਜੇ ਦੇ ਲਈ ਜਵਾਬਦੇਹ ਨਹੀ ਹੈ।

Alberta LAW FOUNDATION
United Way Calgary and Area
Building a great city for all.
191 912

Punjabi

Workers' Rights Advocacy and Education since 2003

Helping Workers

# WORKERS' RESOURCE CENTRE

## ਆਪਣੇ ਹੱਕ ਜਾਣੋ!

ਸਾਰੀਆਂ ਸੇਵਾਵਾਂ ਮੁਫ਼ਤ ਹਨ ਅਤੇ ਮੁਲਾਕਾਤ ਦਾ ਸਮਾਂ ਨਿਯੁਕਤ ਕਰਕੇ ਦਿੱਤੀਆਂ ਜਾਂਦੀਆਂ ਹਨ

(403) 264-8100
ਚੁੰਗੀ ਮੁਕਤ: 1-844-435-7972 (HELPWRC)
Workers' Resource Centre
info@helpwrc.org
www.helpwrc.org

#308, 8989 Macleod Trail SW
Calgary, AB T2H 0M2

## ਅਲਬਰਟਾ ਰੁਜ਼ਗਾਰ ਸਿਹਤ ਅਤੇ ਸੁਰੱਖਿਆ (ਓ ਏਚ ਐਂਡ ਏਸ)
## Alberta Occupational Health and Safety (OH&S)

ਅਲਬਰਟਾ ਰੁਜ਼ਗਾਰ ਸਿਹਤ ਅਤੇ ਸੁਰੱਖਿਆ ਐਕਟ ਕਹਿੰਦਾ ਹੈ ਕਿ ਰੁਜ਼ ਗਾਰ ਦਾਤਾ ਨੂੰ ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ ਲਈ ਸਭ ਕੁਝ ਕਰਨਾ ਚਾਹੀਦਾ ਹੈ।

ਇੱਕ ਰੁਜ਼ਗਾਰਦਾਤਾ ਲਈ ਲਾਜ਼ਮੀ ਹੈ ਕਿ:

- ਨੌਕਰੀ ਤੇ ਸਾਰੇ ਖਤਰਿਆਂ ਬਾਰੇ ਤੁਹਾਨੂੰ ਦੱਸੇ।
- ਖਤਰਿਆਂ ਨੂੰ ਖਤਮ ਕਰੇ ਜਾਂ ਉਹਨਾਂ ਨੂੰ ਕਾਬੂ ਵਿੱਚ ਰਖੇ।
- ਇਹ ਯਕੀਨੀ ਬਣਾਏ ਕਿ ਕਰਮਚਾਰੀ ਸਿਖਲਾਈ ਪ੍ਰਾਪਤ ਕਰਨ ਤਾਂ ਜੋ ਉਹਨਾਂ ਕੋਲ ਸੁਰੱਖਿਅਤ ਢੰਗ ਨਾਲ ਕੰਮ ਕਰਨ ਲਈ ਹੁਨਰ ਹੋਣ।
- ਯਕੀਨੀ ਬਣਾਇਆ ਜਾਇ ਕਿ ਸਾਰੇ ਸਾਜ਼ੋ-ਸਾਮਾਨ ਅਤੇ ਮਸ਼ੀਨਾਂ ਦੀ ਮੁਰਮੰਤ ਹੋਵੇ ਅਤੇ ਉਹ ਸੁਰੱਖਿਅਤ ਢੰਗ ਨਾਲ ਚਲਾਈਆਂ ਜਾ ਸਕਣ।
- ਇਹ ਯਕੀਨੀ ਬਣਾਇਆ ਜਾਇ ਕਿ ਨੌਕਰੀ ਤੇ ਵਰਤੇ ਜਾਣ ਵਾਲੇ ਜਾਂ ਸਟੋਰ ਕੀਤੇ ਸਾਰੇ ਖ਼ਤਰਨਾਕ ਸਮੱਗਰੀ ਜਾਂ ਉਤਪਾਦਾਂ ਉੱਤੇ ਸਪਸ਼ਟ ਤੌਰ ਤੇ ਲੇਬਲ ਲੱਗੇ ਹੋਣ ਅਤੇ ਉਹਨਾਂ ਨੂੰ ਸਹੀ ਕਾਨੂੰਨ ਦੇ ਅਨੁਸਾਰ ਵਰਤਿਆ ਜਾਵੇ।
- ਇਕ ਗੰਭੀਰ ਹਾਦਸੇ ਦੇ ਹੋਣ ਜਾਂ ਲਗਭਗ ਹੋ ਗਾਏ ਹਾਦਸੇ ਦੀ ਸੂਚਨਾ ਨਜ਼ਦੀਕੀ ਕੰਮ ਦੇ ਸਥਾਨ ਦੀ ਸਿਹਤ ਅਤੇ ਸੁਰੱਖਿਆ ਦੇ ਦਫ਼ਤਰ ਨੂੰ ਦਿੱਤੀ ਜਾਵੇ।

ਤੁਹਾਨੂੰ ਓ ਏਚ ਐਂਡ ਏਸ ਨੂੰ ਸੰਪਰਕ ਕਰਨਾ ਚਾਹੀਦਾ ਹੈ ਜੇਕਰ:

- ਤੁਸੀਂ ਆਪਣੇ ਕੰਮ ਤੇ ਸਿਹਤ ਅਤੇ ਸੁਰੱਖਿਆ ਦੇ ਬਾਰੇ ਅਨਿਸ਼ਚਿਤ ਹੋ।
- ਤੁਹਾਨੂੰ ਨਹੀਂ ਪਤਾ ਕਿ "ਆਓਣ ਵਾਲੇ ਖ਼ਤਰੇ ਦਾ ਕੀ ਮਤਲਬ ਹੈ ਜਾਂ ਅਸੁਰੱਖਿਅਤ ਕੰਮ ਕਰਨ ਤੋਂ ਕਿਵੇਂ ਇਨਕਾਰ ਕਰਨਾ ਹੈ।
- ਤੁਹਾਨੂੰ ਸੁਰੱਖਿਅਤ ਢੰਗ ਨਾਲ ਕੰਮ ਕਰਨ ਦੀ ਕੋਸ਼ਿਸ਼ ਦੇ ਲਈ ਅਨੁਸ਼ਾਸਿਤ ਕੀਤਾ ਗਿਆ ਹੈ।

### ਕੀ ਤੁਸੀ ਜਾਣਦੇ ਹੋ?

ਕਾਨੂੰਨ ਕਹਿੰਦਾ ਹੈ ਕਿ ਤੁਹਾਨੂੰ ਕੰਮ ਤੋਂ ਇਨਕਾਰ ਕਰਨਾ ਚਾਹੀਦਾ ਹੈ, ਜੇਕਰ ਤੁਹਾਨੂੰ ਇਹ ਵਿਸ਼ਵਾਸ ਕਰਨ ਲਈ ਇੱਕ ਚੰਗਾ ਕਾਰਨ ਹੈ ਕਿ ਇਹ ਕੰਮ ਤੁਹਾਡੇ ਲਈ ਜਾਂ ਹੋਰ ਕਰਮਚਾਰੀਆਂ ਲਈ ਖ਼ਤਰਨਾਕ ਹੈ, ਅਤੇ ਖਤਰਾ ਨੌਕਰੀ ਦੇ ਲਈ ਆਮ ਨਹੀ ਹੈ।

ਤੁਹਾਨੂੰ ਸਿਹਤ ਅਤੇ ਸੁਰੱਖਿਆ ਨਿਯਮਾਂ ਦਾ ਪਾਲਨ ਕਰਨ ਲਈ ਜਾਂ ਖ਼ਤਰੇ ਦਾ ਸਾਮ੍ਹਣਾ ਕਰਨ ਤੇ ਕੰਮ ਕਰਨ ਤੋਂ ਇਨਕਾਰ ਕਰਨ ਲਈ ਅਨੁਸ਼ਾਸਿਤ ਨਹੀਂ ਕੀਤਾ ਜਾ ਸਕਦਾ ਹੈ, ਪਰ ਕਈ ਵਾਰ ਸੁਰੱਖਿਅਤ ਕੰਮ ਕਰਨ ਲਈ ਕੋਸ਼ਿਸ਼ ਕਰਨਾ ਕੰਮ ਦੇ ਸਥਾਨ ਵਿਚ ਅਪਵਾਦ ਪੈਦਾ ਕਰ ਸਕਦਾ ਹੈ।

ਓ ਏਚ ਐਂਡ ਏਸ ਨੂੰ ਕੀਤੀਆਂ ਗਈਆਂ ਸਾਰੀਆਂ ਕਾਲਾਂ ਗੁਪਤ ਰਖੀਆਂ ਜਾਂਦੀਆਂ ਹਨ ਅਤੇ ਤੁਹਾਨੂੰ ਆਪਣਾ ਨਾਮ ਦੇਣ ਦੀ ਲੋੜ ਨਹੀਂ ਹੈ।

## ਅਲਬਰਟਾ ਰੁਜ਼ਗਾਰ ਮਿਆਰ
## Alberta Employment Standards

ਅਲਬਰਟਾ ਵਿੱਚ ਸੂਬਾਈ ਕਾਨੂੰਨ ਹਨ ਜੋ ਕਿ ਮੁਢਲੇ ਨਿਯਮ ਬਣੌਦੇ ਹਨ ਜਿਨਾਂ ਦੀ ਪਾਲਣਾ ਕਰਮਚਾਰੀਆਂ ਅਤੇ ਰੁਜ਼ਗਾਰਦਾਤਾ ਨੂੰ ਕਰਨੀ ਪੈਂਦੀ ਹੈ। ਇਹ ਕਾਨੂੰਨ ਨੂੰ ਅਲਬਰਟਾ ਰੁਜ਼ਗਾਰ ਮਿਆਰ ਕੋਡ ਕਿਹਾ ਗਿਆ ਹੈ।

### ਕੋਡ ਵਿੱਚ ਇਹ ਚੀਜ਼ਾਂ ਲਈ ਨਿਯਮ ਸ਼ਾਮਲ ਹਨ:

- ਕਮਾਈ ਦਾ ਭੁਗਤਾਨ
- ਘੱਟੋ-ਘੱਟ ਤਨਖਾਹ
- ਕੰਮ ਅਤੇ ਆਰਾਮ ਦੇ ਘੰਟੇ
- ਜ਼ਿਆਦਾ ਕੰਮ
- ਸਾਧਾਰਨ ਛੁੱਟੀ ਦੀ ਤਨਖਾਹ
- ਛੁੱਟੀਆਂ ਦੀ ਤਨਖਾਹ
- ਸਮਾਪਤੀ ਦੀ ਤਨਖਾਹ
- ਰੁਜ਼ਗਾਰ-ਸੁਰੱਖਿਅਤ ਜਣੇਪਾ ਅਤੇ ਪਾਲਣ-ਪੋਸ਼ਣ ਛੁੱਟੀ
- ਰੁਜ਼ਗਾਰ-ਸੁਰੱਖਿਅਤ ਹਮਦਰਦ ਦੇਖਭਾਲ ਛੁੱਟੀ

✸ ਕੋਡ ਇਹ ਵੀ ਦੱਸਦਾ ਹੈ, ਜੇ ਇਹ ਨਿਯਮਾਂ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਕਰਮਚਾਰੀ ਕੀ ਕਰ ਸਕਦੇ ਹਨ।

ਤੁਸੀਂ ਆਪਣੇ ਰੁਜ਼ਗਾਰਦਾਤਾ ਦੇ ਖਿਲਾਫ ਉੱਥੇ ਕੰਮ ਕਰਦੇ ਹੋਏ ਜਾਂ ਕੰਮ ਦੇ ਆਖਰੀ ਦਿਨ ਦੇ 6 ਮਹੀਨੇ ਦੇ ਅੰਦਰ-ਅੰਦਰ ਸ਼ਿਕਾਇਤ ਦਾਇਰ ਕਰ ਸਕਦੇ ਹੋ।

ਕੋਡ ਦੇ ਤਹਿਤ ਖਾਸ ਪ੍ਰਬੰਧ (ਭਾਵ, ਓਵਰਟਾਈਮ ਨਿਯਮ) ਉਦਯੋਗ ਅਤੇ ਪੇਸ਼ੇ ਦੇ ਅਨੁਸਾਰ ਵੱਖ ਵੱਖ ਹੋ ਸਕਦੇ ਹਨ।

ਕੋਡ ਸੰਘੀ-ਨਿਯੰਤ੍ਰਿਤ ਉਦਯੋਗ ਅਤੇ ਸਵੈ-ਰੁਜ਼ਗਾਰ ਵਾਲੇ ਬੰਦਿਆਂ ਲਈ ਲਾਗੂ ਨਹੀ ਹੈ।

ਸੰਘੀ-ਨਿਯੰਤ੍ਰਿਤ ਉਦਯੋਗਾਂ ਵਿੱਚ ਕਰਮਚਾਰੀਆਂ ਅਤੇ ਰੁਜ਼ਗਾਰ ਦਾਤਾਵਾਂ ਤੇ ਲਾਗੂ ਹੋਣ ਵੇਲ ਨਿਯਮ ਕੈਨੇਡਾ ਕਿਰਤ ਕੋਡ ਵਲੋਂ ਬਣਾਏ ਜਾਂਦੇ ਹਨ।

## ਅਲਬਰਟਾ ਮਨੁੱਖੀ ਅਧਿਕਾਰ ਆਯੋਗ
## Alberta Human Rights Commission

ਅਲਬਰਟਾ ਵਿੱਚ, ਅਲਬਰਟਾ ਮਨੁੱਖੀ ਅਧਿਕਾਰ ਐਕਟ ਇਹਨਾਂ ਸੁਰੱਖਿਅਤ ਆਧਾਰਾਂ ਤੇ ਆਧਾਰਿਤ ਕਿਸੇ ਵੀ ਰੂਪ ਦੇ ਵਿਤਕਰੇ ਦੇ ਖਿਲਾਫ ਕਰਮਚਾਰੀਆਂ ਦੀ ਰੱਖਿਆ ਕਰਦਾ ਹੈ:

ਨਸਲ
ਵਿਵਾਹਿਕ ਦਰਜਾ
ਧਾਰਮਿਕ ਵਿਸ਼ਵਾਸ
ਰੰਗ
ਪਰਿਵਾਰਕ ਸਥਿਤੀ
ਲਿੰਗ
ਲਿੰਗ ਪਛਾਣ
ਲਿੰਗ ਸਮੀਕਰਨ
ਜਿਨਸੀ ਝੁਕਾਅ
ਖਾਨਦਾਨ
ਉਮਰ
ਸਰੀਰਕ ਅਪਾਹਜਤਾ
ਮਾਨਸਿਕ ਅਪਾਹਜਤਾ
ਆਮਦਨ ਦੇ ਸਰੋਤ

ਜੇਕਰ ਕੰਮ ਤੇ ਜਾਂ ਭਰਤੀ ਦੀ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਨਾਲ ਇੱਕ ਜਾਂ ਇੱਕ ਤੋਂ ਵਧੇਰੇ ਇਹ ਸੁਰੱਖਿਅਤ ਆਧਾਰਾਂ ਦੇ ਤਹਿਤ ਵਿਤਕਰਾ ਕੀਤਾ ਗਿਆ ਹੈ, ਤਾਂ ਤੁਸੀਂ ਅਲਬਰਟਾ ਮਨੁੱਖੀ ਅਧਿਕਾਰ ਆਯੋਗ ਨੂੰ ਸ਼ਿਕਾਇਤ ਦਰਜ ਕਰ ਸਕਦੇ ਹੋ।

ਤੁਸੀਂ ਵਿਤਕਰੇ ਦੀ ਮਿਤੀ ਤੋਂ ਲੈ ਕੇ ਇੱਕ ਸਾਲ ਤੱਕ ਮਨੁੱਖੀ ਅਧਿਕਾਰ ਸ਼ਿਕਾਇਤ ਦਰਜ ਕਰ ਸਕਦੇ ਹੋ।

ਸੰਘੀ-ਨਿਯੰਤ੍ਰਿਤ ਉਦਯੋਗਾਂ ਵਿਚ ਕੰਮ ਕਰ ਰਹੇ ਕਰਮਚਾਰੀ ਜਿਵੇਂ ਕਿ ਬੈਂਕ, ਰੇਲਵੇ, ਡਾਕ ਸੇਵਾ ਆਦਿ ਕਨੇਡੀਅਨ ਮਨੁੱਖੀ ਅਧਿਕਾਰ ਐਕਟ ਦੇ ਹੇਠ ਆਉਂਦੇ ਹਨ।

## ਅਲਬਰਟਾ ਕਰਮਚਾਰੀ ਮੁਆਵਜ਼ਾ ਬੋਰਡ (ਡਬਲਿਊ ਸੀ ਬੀ)
## Alberta Workers' Compensation Board (WCB)

ਡਬਲਿਊ ਸੀ ਬੀ ਵਸੇਬੇ ਸੇਵਾ ਅਤੇ ਵਿੱਤੀ ਮੁਆਵਜ਼ਾ ਉਹਨਾਂ ਕਰਮਚਾਰੀਆਂ ਨੂੰ ਪ੍ਰਦਾਨ ਕਰਦਾ ਹੈ ਜੋ ਇੱਕ ਕੰਮ ਨਾਲ ਸਬੰਧਤ ਸੱਟ ਜਾਂ ਬੀਮਾਰੀ ਕਾਰਨ ਕੰਮ ਕਰਨ ਲਈ ਅਸਮਰੱਥ ਹੁੰਦੇ ਹਨ।

ਕੁਝ ਉਦਯੋਗ ਆਪਣੇ ਕਰਮਚਾਰੀਆਂ ਲਈ ਸਾਬਤ ਕੀਤਾ ਡਬਲਿਊ ਸੀ ਬੀ ਕਵਰੇਜ ਦੇਣ ਤੋਂ ਮੁਕਤ ਹੁੰਦੇ ਹਨ।

ਜੇ ਤੁਹਾਡੇ ਰੁਜ਼ਗਾਰਦਾਤਾ ਕੋਲ ਡਬਲਿਊ ਸੀ ਬੀ ਕਵਰੇਜ ਹੈ ਅਤੇ ਤੁਸੀਂ ਆਪਣੀ ਨੌਕਰੀ ਦੇ ਜਰੀਏ ਜ਼ਖਮੀ ਹੋਏ ਹੋ ਜਾਂ ਸਿਹਤ ਸਮਸਿਆ ਦਾ ਸ਼ਿਕਾਰ ਹੋਏ ਹੋ,ਤਾਂ ਤੁਹਾਨੂੰ ਚਾਹੀਦਾ ਹੈ:

1 ਜਿੰਨੀ ਛੇਤੀ ਹੋ ਸਕੇ ਆਪਣੇ ਰੁਜ਼ਗਾਰਦਾਤਾ ਨੂੰ ਦੱਸੋ।

2 ਆਪਣੇ ਡਾਕਟਰ ਨਾਲ ਗੱਲ ਕਰੋ- ਉਹ ਤੁਹਾਨੂੰ ਕਾਗਜ਼ ਦਾ ਕੰਮ ਕਾਰ ਦੀ ਇੱਕ ਕਾਪੀ ਦੇਵੇਗਾ ਜੋ ਡਬਲਿਊ ਸੀ ਬੀ ਨਾਲ ਦਰਜ ਹੁੰਦੀ ਹੈ। ਤੁਹਾਨੂੰ ਜਿੰਨੀ ਛੇਤੀ ਸੰਭਵ ਹੋ ਸਕੇ ਆਪਣੇ ਰੁਜ਼ਗਾਰਦਾਤਾ ਨੂੰ ਇਹ ਕਾਪੀ ਦੇਣੀ ਚਾਹੀਦੀ ਹੈ।

3 ਇੱਕ "ਕਰਮਚਾਰੀ ਸੱਟ ਜਾਂ ਰੁਜ਼ਗਾਰ ਰੋਗ ਦੀ ਰਿਪੋਰਟ" ਫਾਰਮ ਭਰੋ ਅਤੇ ਇਸ ਨੂੰ ਨਾਲ ਹੀ ਡਬਲਿਊ ਸੀ ਬੀ ਨੂੰ ਭੇਜ ਦੇਵੋ।

4 ਅਰਜ਼ੀ ਦਾਖਲ ਕਰਨ ਤੋਂ ਬਾਅਦ, ਆਪਣੇ ਡਬਲਿਊ ਸੀ ਬੀ ਕੇਸ ਕਰਮਚਾਰੀ ਦੀ ਹਦਾਇਤ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਓ।

ਤੁਹਾਡੇ ਕੋਲ ਬਿਮਾਰੀ ਜਾਂ ਸੱਟ ਦੀ ਤਾਰੀਖ਼ ਦੇ ਬਾਅਦ 2 ਸਾਲ ਡਬਲਿਊ ਸੀ ਬੀ ਨਾਲ ਸੰਪਰਕ ਕਰਨ ਕਰਨ ਲਈ ਹੁੰਦੇ ਹਨ। ਇਸ ਵਿੱਚ ਕੋਈ ਵੀ ਦੇਰੀ

ਕਰਨ ਨਾਲ ਮੁਆਵਜ਼ਾ ਦੇ ਲਈ ਤੁਹਾਡੇ ਦਾਅਵੇ ਤੇ ਅਸਰ ਪੈ ਸਕਦਾ ਹੈ।

ਇੱਕ ਡਬਲਿਊ ਸੀ ਬੀ ਦੇ ਦਾਅਵੇ ਦਾ ਤੁਹਾਡੇ ਭਵਿੱਖ ਵਿੱਚ ਰੁਜ਼ਗਾਰ ਲੱਭਣ ਉੱਤੇ ਸੰਭਾਵੀ ਅਸਰ ਨਹੀ ਹੈ; ਤੁਹਾਡੇ ਦਾਅਵੇ ਨਾਲ ਸਬੰਧਤ ਜਾਣਕਾਰੀ ਗੁਪਤ ਹੁੰਦੀ ਹੈ।

ਜੇਕਰ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਡਬਲਿਊ ਸੀ ਬੀ ਦਾਇਰ ਕਰਨ ਕਰਕੇ ਤੰਗ ਕਰਦਾ ਹੈ ਤਾਂ ਤੁਹਾਡੇ ਕੋਲ ਅਲਬਰਟਾ ਮਨੁੱਖੀ ਅਧਿਕਾਰ ਆਯੋਗ ਕੋਲ ਸ਼ਿਕਾਇਤ ਦਾਇਰ ਕਰਨ ਲਈ ਆਧਾਰ ਹੋ ਸਕਦਾ ਹੈ।

✸ 1 ਜਨਵਰੀ 2016 ਤੋਂ, ਤਨਖਾਹ ਲੈਣ ਵਾਲੇ ਖੇਤੀ ਮਜ਼ਦੂਰਾਂ ਲਈ ਡਬਲਿਊ ਸੀ ਬੀ ਕਵਰੇਜ ਲਾਜ਼ਮੀ ਹੈ।

## ਰੋਜ਼ਗਾਰ ਬੀਮਾ (ਈ.ਆਈ)
## Employment Insurance (EI)

ਰੁਜ਼ਗਾਰ ਬੀਮਾ ਇੱਕ ਸੰਘੀ ਪ੍ਰੋਗਰਾਮ ਹੈ ਜੋ ਆਪਣੀ ਕਿਸੇ ਗਲਤੀ ਤੋਂ ਬਿਨਾਂ ਕੰਮ ਨਾਂ ਕਰ ਪਾਣ ਵਾਲੇ ਕਰਮਚਾਰੀਆਂ ਨੂੰ ਕੁਝ ਵਿੱਤੀ ਲਾਭ ਦਿੰਦਾ ਹੈ।

### ਨਿਯਮਤ ਲਾਭ:
ਜਿਹੜੇ ਆਪਣੇ ਰੁਜ਼ਗਾਰ ਦਾਤਾ ਲਈ ਕੰਮ ਜਾਰੀ ਰੱਖਣ ਲਈ ਅਸਮਰੱਥ ਹਨ (ਭਾਵ, ਨੌਕਰੀ ਦਾ ਚਲੇ ਜਾਣਾ) ਜਾਂ ਈ ਆਈ ਆਯੋਗ ਦੁਆਰਾ ਪਹਿਲਾਂ ਹੀ ਪ੍ਰਵਾਨਗੀ ਦਿੱਤੇ ਗਏ ਕੋਰਸ ਵਿੱਚ ਦਾਖਲ ਹਨ।

### ਬੀਮਾਰੀ ਲਾਭ:
ਜਿਹੜੇ ਲੋਕ ਬੀਮਾਰੀ ਜਾਂ ਸੱਟ ਦੇ ਕਾਰਨ ਕੰਮ ਕਰਨ ਲਈ ਅਸਮਰੱਥ ਹਨ।

### ਜਣੇਪਾ ਅਤੇ ਪਾਲਣ-ਪੋਸ਼ਣ ਲਾਭ:
ਨਵਜੰਮੇ / ਨਵੇ ਗੋਦ ਲਏ ਬੱਚਿਆਂ ਦੇ ਮਾਪਿਆਂ ਲਈ।

### ਦਇਆਵਾਨ ਦੇਖਭਾਲ ਲਾਭ:
ਜਿਹੜੇ ਲੋਕਾਂ ਨੂੰ ਆਪਣੇ ਕਿਸੀ ਨਜ਼ਦੀਕੀ ਦੇ ਗੰਭੀਰ ਰੂਪ ਤੇ ਬੀਮਾਰ ਹੋਣ ਤੇ ਉਹਨਾਂ ਦੇ ਦੇਖਭਾਲ ਲਈ ਅਸਥਾਈ ਤੌਰ ਤੇ ਆਪਣੇ ਨੌਕਰੀ ਛੱਡਣ ਦੀ ਲੋੜ ਹੈ।

### ਗੰਭੀਰ ਤੌਰ ਤੇ ਬੀਮਾਰ ਬੱਚਿਆਂ ਦੇ ਮਾਪਿਆਂ ਲਈ ਲਾਭ:
ਜਿਹੜੇ ਲੋਕਾਂ ਨੂੰ ਆਪਣੇ 18 ਸਾਲ ਦੀ ਉਮਰ ਤੋਂ ਘੱਟ ਅਤੇ ਗੰਭੀਰ ਰੂਪ ਤੇ ਬੀਮਾਰ ਬੱਚੇ ਦੀ ਦੇਖਭਾਲ ਲਈ ਅਸਥਾਈ ਤੌਰ ਤੇ ਆਪਣੇ ਨੌਕਰੀ ਛੱਡਣ ਦੀ ਲੋੜ ਹੈ।

ਤੁਹਾਨੂੰ ਇਹ ਲਾਭ ਦੇ ਲਈ ਯੋਗ ਹੋਣ ਵਾਸਤੇ ਲੋੜੀਂਦਾ ਕੰਮ ਦੇ ਘੰਟਿਆਂ ਦੀ ਗਿਣਤੀ ਖੇਤਰ ਅਤੇ ਲਾਭ ਦੀ ਕਿਸਮ ਦੇ ਅਨੁਸਾਰ ਬਦਲਦੀ ਹੈ। ਹਫਤਿਆਂ ਦੀ ਗਿਣਤੀ, ਜਿਹਨਾਂ ਲਈ ਤੁਸੀਂ ਹੱਕਦਾਰ ਹੋ, ਵੀ ਬਦਲਦੀ ਹੈ।

ਆਪਣੇ ਕੰਮ ਦੇ ਆਖਰੀ ਦਿਨ ਦੇ 28 ਦਿਨਾਂ ਦੇ ਅੰਦਰ ਈ ਆਈ ਲਾਭ ਲਈ ਅਰਜ਼ੀ ਦੇਣ ਨੂੰ ਯਕੀਨੀ ਬਣਾਓ - ਦੇਰ ਨਾਲ ਦਾਖਲ ਕੀਤੀਆਂ ਅਰਜ਼ਿਆਂ ਤੁਹਾਡੇ ਲਾਭ ਤੇ ਅਸਰ ਪਾ ਸਕਦੀਆਂ ਹਨ ਜਾਂ ਉਹਨਾਂ ਨੂੰ ਸਵੀਕਾਰ ਨਹੀ ਕੀਤਾ ਜਾ ਸਕਦਾ ਹੈ।

ਉਹ ਕਰਮਚਾਰੀ ਜੋ ਅਸਤੀਫਾ ਦੇ ਦਿੰਦੇ ਹਨ ਜਾਂ ਜਿਹਨਾਂ ਨੂੰ ਨੌਕਰੀ ਤੋਂ ਕਢਿਆ ਜਾਂਦਾ ਹੈ ਆਮ ਤੌਰ ਈ ਆਈ ਲਾਭ ਨੂੰ ਲੈਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਜੇਕਰ ਤੁਸੀਂ ਨੌਕਰੀ ਛੱਡਣ ਦਾ ਵਿਚਾਰ ਕਰ ਰਹੇ ਹੋ, ਤਾਂ ਤੁਸੀਂ ਆਪਣੇ ਦਾਅਵੇ ਤੇ ਪੈਣ ਵਾਲੇ ਅਸਰ ਬਾਰੇ ਚਰਚਾ ਕਰਨ ਲਈ ਡਬਲਿਊ ਆਰ ਸੀ ਨਾਲ ਸੰਪਰਕ ਕਰ ਸਕਦੇ ਹੋ।